**ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ**
**ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫ਼ੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ।**
**(ਸੇਵਾਵਾਂ ਸ਼ਾਖਾ), email: dpiee.service@punjabeducation.gov.in, Ph. no. 0172-2233916**

Urgent/date bound

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਸਮੂਹ ਉਪ-ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸਮੂਹ ਪ੍ਰਿੰਸੀਪਲ/ਸਕੂਲ ਮੁਖੀ,
ਪੰਜਾਬ ਰਾਜ।

ਮੀਮੋ ਨੰ; ਈ-1144096/2026/272
ਮਿਤੀ; ਸਅਸ ਨਗਰ; 3.7.2026

**ਵਿਸ਼ਾ:** **ਆਰ.ਟੀ.ਈ. ਐਕਟ, 2009 ਦੀ ਧਾਰਾ 12(1)(ਸੀ) ਅਧੀਨ ਚੁਣੇ ਗਏ ਉਮੀਦਵਾਰਾਂ ਦੀ ਦਾਖਲਾ ਪ੍ਰਕਿਰਿਆ ਅਤੇ ਪੋਰਟਲ ਅਪਡੇਟ ਕਰਨ ਸਬੰਧੀ ਹਦਾਇਤਾਂ।**

(i) ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਅਕਾਦਮਿਕ ਸੈਸ਼ਨ 2026-27 ਲਈ ਦਸਤਾਵੇਜ਼ਾਂ ਦੀ ਜਾਂਚ (Document Verification) ਦੀ ਪ੍ਰਕਿਰਿਆ ਸਫਲਤਾਪੂਰਵਕ ਪੂਰੀ ਹੋਣ ਉਪਰੰਤ, ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਮਿਤੀ 24 ਜੂਨ, 2026 ਨੂੰ ਕੇਂਦਰੀਕ੍ਰਿਤ ਆਨਲਾਈਨ ਡਰਾਅ ਆਫ਼ ਲਾਟਸ (ਲਾਟਰੀ) ਦੇ ਨਤੀਜੇ ਪੰਜਾਬ ਆਰ.ਟੀ.ਈ. ਦਾਖਲਾ ਪੋਰਟਲ ਤੇ ਘੋਸ਼ਿਤ ਕੀਤੇ ਗਏ ਹਨ।

(ii) ਇਸ ਪ੍ਰਕਿਰਿਆ ਅਧੀਨ ਪੰਜਾਬ ਰਾਜ ਦੇ ਮਾਨਤਾ ਪ੍ਰਾਪਤ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਆਰਥਿਕ ਤੌਰ ਤੇ ਕਮਜ਼ੋਰ ਵਰਗ (EWS) ਅਤੇ ਵੰਚਿਤ ਵਰਗ (DG) ਲਈ ਰਾਖਵੇਂ 25 ਪ੍ਰਤੀਸ਼ਤ ਕੋਟੇ ਅਧੀਨ ਯੋਗ ਪਾਏ ਗਏ ਉਮੀਦਵਾਰਾਂ ਨੂੰ ਸੀਟਾਂ ਅਲਾਟ ਕੀਤੀਆਂ ਗਈਆਂ ਹਨ। ਚੁਣੇ ਗਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਜਨਤਕ ਸੂਚਨਾ ਅਤੇ SMS ਰਾਹੀਂ ਵੀ ਸੂਚਿਤ ਕੀਤਾ ਗਿਆ ਹੈ।

(iii) ਦਾਖਲਾ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਐਸਿ/ਸੈਸਿ) ਅਤੇ ਉਨ੍ਹਾਂ ਅਧੀਨ ਆਉਂਦੇ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਮਨਲਿਖ਼ਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

(iv) **ਗੈਰ-ਸਹਾਇਤਾ ਪ੍ਰਾਪਤ ਨਿੱਜੀ ਸਕੂਲਾਂ ਲਈ ਦਿਸ਼ਾ-ਨਿਰਦੇਸ਼:-**

1) ਸਮੂਹ ਅਲਾਟ ਕੀਤੇ ਗਏ ਮਾਨਤਾ ਪ੍ਰਾਪਤ, ਗੈਰ-ਸਹਾਇਤਾ ਪ੍ਰਾਪਤ ਸਕੂਲ ਆਪਣੇ-ਆਪਣੇ ਲਾਗਇਨ ਆਈ.ਡੀ. ਰਾਹੀਂ ਅਧਿਕਾਰਕ ਪੋਰਟਲ ਤੇ ਲਾਗਇਨ ਕਰਕੇ ਆਪਣੇ ਸਕੂਲ ਨੂੰ ਅਲਾਟ ਕੀਤੇ ਉਮੀਦਵਾਰਾਂ ਦੇ ਵੇਰਵਿਆਂ ਦੀ ਜਾਂਚ ਕਰਨਗੇ।
2) ਸਕੂਲ ਚੁਣੇ ਗਏ ਬੱਚਿਆਂ ਨੂੰ ਕਿਸੇ ਵੀ ਕਿਸਮ ਦੀ ਸਕ੍ਰੀਨਿੰਗ ਜਾਂ ਦਾਖਲਾ ਪ੍ਰੀਖਿਆ ਤੋਂ ਬਿਨਾਂ ਅਤੇ ਆਰ.ਟੀ.ਈ. ਐਕਟ/ਵਿਭਾਗੀ ਗਾਈਡਲਾਈਨਜ਼ (SOPs) ਅਨੁਸਾਰ ਕਿਸੇ ਵੀ ਕਿਸਮ ਦੀ ਫ਼ੀਸ ਲਏ ਬਿਨਾਂ, ਆਰ.ਟੀ.ਈ. ਐਕਟ, 2009 ਦੇ ਉਪਬੰਧਾਂ ਅਨੁਸਾਰ ਸਕੂਲ ਵਿੱਚ ਦਾਖਲ ਕਰਨਗੇ।
3) ਚੁਣੇ ਗਏ ਬੱਚਿਆਂ ਦੇ ਮੂਲ ਦਸਤਾਵੇਜ਼ਾਂ ਦੀ ਜਾਂਚ ਕਰਕੇ ਮਿਤੀ **20 ਜੁਲਾਈ, 2026 ਤੱਕ ਜਾਂ ਇਸ ਤੋਂ ਪਹਿਲਾਂ** ਦਾਖਲਾ ਪ੍ਰਕਿਰਿਆ ਪੂਰੀ ਕਰਨਗੇ ਅਤੇ ਮਾਪਿਆਂ ਨੂੰ ਹਰ ਸੰਭਵ ਸਹਿਯੋਗ ਪ੍ਰਦਾਨ ਕਰਨਾ ਯਕੀਨੀ ਬਣਾਉਣਗੇ।

4) ਜਲਦੀ ਹੀ ਪੋਰਟਲ ਤੇ ਵਿਦਿਆਰਥੀ ਦਾਖਲਾ ਮੋਡੀਊਲ ਕਾਰਜਸ਼ੀਲ ਕੀਤਾ ਜਾਵੇਗਾ। ਸਮੂਹ ਸਕੂਲਾਂ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਸਕੂਲ ਵਿੱਚ ਦਾਖਲ ਕੀਤੇ ਵਿਦਿਆਰਥੀਆਂ ਦੇ ਦਾਖਲੇ ਦੀ ਸਥਿਤੀ (Admission Status) ਅਤੇ ਲੋੜੀਂਦੀਆਂ ਟਿੱਪਣੀਆਂ (Remarks) ਪੋਰਟਲ ਤੇ ਲਾਜਮੀ ਤੌਰ ਤੇ ਦਰਜ ਕਰਨ।

5) ਵਿੱਦਿਅਕ ਵਰ੍ਹੇ ਦੇ ਅੰਤ ਵਿੱਚ ਵਿੱਤੀ ਭੁਗਤਾਨ (Financial Reimbursement) ਦਾ ਦਾਅਵਾ ਕਰਨ ਲਈ ਸਕੂਲਾਂ ਨੂੰ ਪੋਰਟਲ ਤੇ ਵਿਦਿਆਰਥੀਆਂ ਦੀ ਹਾਜ਼ਰੀ, ਪ੍ਰਗਤੀ, ਗ੍ਰੇਡ ਅਤੇ ਰਿਪੋਰਟ ਕਾਰਡ ਆਦਿ ਦੀ ਜਾਣਕਾਰੀ ਅਪਲੋਡ ਕਰਨੀ ਜਰੂਰੀ ਹੋਵੇਗੀ।

6) ਦਾਖਲਾ ਮੋਡੀਊਲ ਦੀ ਵਰਤੋਂ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ), ਬੀ.ਪੀ.ਈ.ਓਜ਼. ਅਤੇ ਸਕੂਲਾਂ ਦੀ ਬਹੁਤ ਜਲਦ ਸਿਖਲਾਈ ਤੇ ਓਰੀਐਂਟੇਸ਼ਨ ਸੈਸ਼ਨ ਆਯੋਜਿਤ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਬਾਅਦ ਵਿੱਚ ਵੱਖਰੇ ਤੌਰ ਤੇ ਸਾਂਝੀ ਕੀਤੀ ਜਾਵੇਗੀ।

**(v) ਜਿਲ੍ਹਾ ਸਿੱਖਿਆ ਅਫ਼ਸਰਾਂ (ਐਸਿ/ਸੈਸਿ) ਲਈ ਹਦਾਇਤਾਂ:-**

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ) ਵਿਭਾਗ ਵੱਲੋਂ ਜਾਰੀ ਗਾਈਡਲਾਈਨਜ਼ (SOPs) ਮਿਤੀ 15.04.2026 ਦੀ ਮੁਕੰਮਲ ਪਾਲਣਾ ਕਰਨੀ ਯਕੀਨੀ ਬਨਾਉਣਗੇ।

**(vi)** ਜੇਕਰ ਮਾਪਿਆਂ ਨੂੰ ਸਕੂਲ ਪੱਧਰ ਤੇ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਇੱਕ ਹਫ਼ਤੇ ਦੇ ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ), ਜੋ ਕਿ ਨਾਮਜ਼ਦ ਸ਼ਿਕਾਇਤ ਨਿਵਾਰਨ ਅਧਿਕਾਰੀ (Grievance Redressal Officer) ਹਨ, ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਉਪਰੋਕਤ ਦੇ ਸਨਮੁੱਖ ਸਮੂਹ ਜਿਲ੍ਹਾ ਸਿੱਖਿਆ ਅਫ਼ਸਰਾਂ (ਐਸਿ/ਸੈਸਿ) ਅਤੇ ਸਕੂਲ ਪ੍ਰਿੰਸੀਪਲ/ਸਕੂਲ ਮੁਖੀ/ਸਕੂਲ ਇੰਚਾਰਜ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਚੁਣੇ ਗਏ ਬੱਚਿਆਂ ਦੇ ਸਿੱਖਿਆ ਦੇ ਅਧਿਕਾਰਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਦਾਖਲਾ ਪ੍ਰਕਿਰਿਆ ਨੂੰ ਵਿਸ਼ੇਸ਼ ਤਰਜੀਹ ਦਿੰਦੇ ਹੋਏ ਸਮੇਂ-ਸਿਰ ਮੁਕੰਮਲ ਕਰਵਾਉਣਾ ਯਕੀਨੀ ਬਣਾਉਣਗੇ।

**ਹਰਕੀਰਤ ਕੌਰ ਚਾਨੇ,** ਪੀ.ਸੀ.ਐਸ.
**ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ**

ਪਿੱਠ ਅੰਕਣ ਨੰ; ਮਿਤੀঃ

ਉਤਾਰਾ ਨਿਮਨਲਿਖ਼ਤ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈঃ-

1. ਨਿੱਜੀ ਸਹਾਇਕ, ਮਾਨਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਨਿੱਜੀ ਸਹਾਇਕ, ਡਾਇਰੈਕਟਰ ਜਨਰਲ, ਸਕੂਲ ਐਜੂਕੇਸ਼ਨ, ਪੰਜਾਬ।
3. ਨਿੱਜੀ ਸਹਾਇਕ, ਡਾਇਰੈਕਟਰ, ਸਕੂਲ ਐਜੂਕੇਸ਼ਨ (ਐਸਿ/ਸੈਸਿ), ਪੰਜਾਬ।
4. ਜਿਲ੍ਹਾ ਕੋਆਰਡੀਨੇਟਰ, ਐਮ.ਆਈ.ਐਸ. ਵਿੰਗ, ਪੰਜਾਬ।

**ਸੁਪਰਡੰਟ ਸੇਵਾਵਾਂ ਸ਼ਾਖਾ**